# ਗਾਥਾ ਸ਼ਹੀਦ ਕਾਂਸ਼ੀ ਰਾਮ
# ਅਤੇ
# ਗਦਰ ਲਹਿਰ

**ਐੱਚ. ਸੀ. ਅਰੋੜਾ, ਐਡਵੋਕੇਟ**

*Biography/ Poetry/Punjabi Poetry*

ISBN : 978-93-5204-036-0

**Gaatha Shaheed Kanshi Ram Ate Gadar Lehar**

*By*

**H.C. Arora, Advocate**
H.No 2299, Sec-44C
Chandigarh
Mob. 98140-13764

2015
Lokgeet Parkashan
S.C.O. 26-27, Sector 34 A, Chandigarh-160022
India
Ph. +91-172-5077427, 5077428
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com

*© 2015*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*




# ਤਤਕਰਾ

- ਮੁਖ-ਬੰਦ 5
- ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦਗਾਰ ਬਣੌਣ ਬਾਰੇ ਮਾਨਯੋਗ ਹਾਈ ਕੋਰਟ ਦਾ ਨਿਰਦੇਸ਼ 6
- ਕ੍ਰਾਂਤੀਕਾਰੀ ਪਾਰਟੀ ਦੇ ਦਫਤਰ ਨੂੰ ਸਮਾਰਕ ਵਿੱਚ ਬਦਲਣ ਬਾਰੇ ਮਾਨਯੋਗ ਹਾਈ ਕੋਰਟ ਵਿੱਚ ਯਾਚਕਾ ਦਾ ਅਸਰ। 8
- ਪੰਜਾਬ ਸਰਕਾਰ ਵੱਲੋਂ ਦਿੱਤੇ ਸ਼ਪਥ-ਪੱਤਰ ਵਿੱਚ ਦੱਸੇ ਗਏ ਕੁੱਝ ਤਰਕ: 10
- ਸ਼ਹੀਦ ਸੁਖਦੇਵ ਦੀ ਯਾਦਗਾਰ ਬਾਰੇ ਮਾਨਯੋਗ ਹਾਈ ਕੋਰਟ ਦਾ ਫੈਸਲਾ 12

## ਕਵਿਤਾਵਾਂ

- ਦੋ ਹਜ਼ਾਰ ਪੰਦਰਾਂ 15
- ਗੱਡੀ ਭਰ ਕੇ ਸ਼ਹੀਦਾਂ ਦੀ ਆਈ 17
- ਸੌ ਸਾਲਾ ਕੁਰਬਾਨੀ ਦਾ 19
- ਕਸਮ ਸ਼ਹੀਦਾਂ ਦੀ 21
- ਕਰਤਾਰ ਸਰਾਭੇ ਦਾ 23
- ਸਰਾਭਾ ਪਿੰਡ 25
- 'ਗਦਰ' ਅਖਬਾਰ 27
- ਬਾਬਿਆਂ ਦਾ ਬਾਬਾ 31
- ਕਾਮਾਗਾਟਾ ਮਾਰੂ 33
- ਕਿੱਸੇ ਬਾਗੀ ਲਹਿਰ ਦੇ 35
- ਸ਼ਹਿਨਸ਼ਾਹ ਮੰਡੌਲੀ ਦਾ 37
- ਕਰਜ਼ਾ ਕਦੇ ਨਹੀਂ ਭੁੱਲੀਦਾ 39



ਸ਼ਹੀਦ ਕਾਂਸ਼ੀ ਰਾਮ



# ਮੁਖ-ਬੰਦ

ਮੇਰੀ ਇਹ ਛੋਟੀ ਜਿਹੀ ਕਿਤਾਬਚੀ ਸ. ਮਲਵਿੰਦਰਜੀਤ ਸਿੰਘ ਵੜੈਚ ਜੀ ਵੱਲੋਂ ਸੰਪਾਦਿਤ ਕਿਤਾਬ 'ਸ਼ਹੀਦ ਕਰਤਾਰ ਸਿੰਘ ਸਰਾਭਾ-ਜੀਵਨ ਅਤੇ ਸ਼ਹੀਦੀ' ਤੋਂ ਪਰੇਰਿਤ ਹੈ। ਮੇਰੀ ਇਸੇ ਪਰਕਾਰ ਦੀ ਪਹਿਲੀ ਪੁਸਤਕ 'ਗਾਥਾ ਸ਼ਹੀਦ ਭਗਤ ਸਿੰਘ' ਵੀ ਉਹਨਾਂ ਦੀ ਹੀ ਸ਼ਹੀਦ ਭਗਤ ਸਿੰਘ ਬਾਰੇ ਲਿਖੀ ਖੋਜ-ਭਰਪੂਰ ਕਿਤਾਬ ਤੋਂ ਪ੍ਰੇਰਿਤ ਸੀ। ਉਹ ਕਿਤਾਬ ਸ. ਵੜੈਚ ਦੀ ਹਾਜ਼ਰੀ ਵਿੱਚ 12 ਦਸੰਬਰ, 2014 ਨੂੰ ਪ੍ਰੈਸ ਕਲੱਬ, ਚੰਡੀਗੜ੍ਹ ਵਿਖੇ ਜਨਤਕ ਕੀਤੀ ਗਈ ਸੀ। ਇਸ ਤੋਂ ਇਲਾਵਾ ਮੈਂ ਖੁਦ ਵੀ ਸ਼ਹੀਦ ਕਾਂਸੀ ਰਾਮ ਦੇ ਪਿੰਡ ਜਾ ਕੇ ਉਹਨਾਂ ਦੀ ਯਾਦਗਾਰ ਅਤੇ ਨਿੱਜੀ ਘਰ ਦਾ ਜਾਇਜ਼ਾ ਲਿਆ ਹੈ।

ਆਸ ਕਰਦਾ ਹਾਂ ਕਿ ਮੇਰੀ ਇਹ ਨਿਮਾਣੀ ਜਿਹੀ ਕੋਸ਼ਿਸ ਵੀ ਪੰਜਾਬ ਦੀ ਨੌਜਵਾਨੀ ਨੂੰ ਪਸੰਦ ਆਵੇਗੀ।

ਐਚ. ਸੀ. ਅਰੋੜਾ,
ਐਡਵੋਕੇਟ, ਚੰਡੀਗੜ੍ਹ

ਮਿਤੀ: 1.1.2015

# ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦਗਾਰ ਬਨੌਣ ਬਾਰੇ ਮਾਨਯੋਗ ਹਾਈ ਕੋਰਟ ਦਾ ਨਿਰਦੇਸ਼

**ਸੀ. ਡਬਲਯੂ. ਪੀ ਨੰ. 12654 ਆਫ 2007**
**(ਐਚ ਸੀ ਅਰੋੜਾ ਬਨਾਮ ਪੰਜਾਬ ਸਰਕਾਰ )**

**ਜਨ ਹਿੱਤ ਯਾਚਿਕਾ ਵਿੱਚ ਉਠਾਇਆ ਗਿਆ ਮੁੱਦਾ :**

ਇਸ ਜਨ ਹਿੱਤ ਯਾਚਿਕਾ ਰਾਹੀਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਮੇਰੇ ਵੱਲੋਂ ਫਰਿਆਦ ਕੀਤੀ ਗਈ ਸੀ ਕਿ ਪੰਜਾਬ ਦੀ ਸਰਕਾਰ ਨੂੰ ਇਹ ਹਦਾਇਤ ਕੀਤੀ ਜਾਵੇ ਕਿ ਉਹ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਪਿੰਡ ਸਰਾਭਾ ਵਿੱਖੇ ਇਸ ਅਮਰ ਸ਼ਹੀਦ ਦੀ ਯਾਦ ਵਿੱਚ ਬਣ ਰਹੀ ਯਾਦਗਾਰ ਨੂੰ ਪੂਰਾ ਕਰਨ ਲਈ ਲੋੜੀਂਦੀ ਮਾਤਰਾ ਵਿੱਚ ਫੰਡ ਮੁਹੱਈਆ ਕਰਾਵੇ।

**ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਦਿੱਤੇ ਨਿਰਦੇਸ਼:**

ਸ੍ਰੀ ਟੀ. ਐਸ. ਚਾਹਲ, ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਨੰ.-1, ਪੀ. ਡਬਲਯੂ. ਡੀ., ਬੀ. ਐਂਡ ਆਰ. ਲੁਧਿਆਣਾ ਵੱਲੋਂ ਦਾਇਰ ਕੀਤਾ ਸ਼ਪਥ-ਪੱਤਰ ਰਿਕਾਰਡ ਤੇ ਲਿਆ ਜਾਂਦਾ ਹੈ। ਇਸ ਸ਼ਪਥ-ਪੱਤਰ ਵਿੱਚ ਕਿਹਾ ਗਿਆ ਹੈ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਪਿੰਡ ਸਰਾਭਾ ਵਿੱਖੇ ਸ਼ਹੀਦ ਦੀ ਯਾਦ ਵਿੱਚ ਬਣ ਰਹੀ ਯਾਦਗਾਰ ਦੀ ਉਸਾਰੀ ਲਈ 40 ਲੱਖ ਰੁਪਏ ਦੀ ਰਕਮ ਮਨਜ਼ੂਰ ਕਰ ਦਿੱਤੀ ਗਈ ਹੈ ਅਤੇ ਇਹ ਰਕਮ ਉੱਪ ਮੰਡਲ ਮੈਜਿਸਟਰੇਟ (ਪੂਰਬ), ਲੁਧਿਆਣਾ ਨੂੰ ਹਾਸਲ ਹੋ ਗਈ ਹੈ।

ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਬੁੱਤ ਦੀ ਉਸਾਰੀ ਆਦਿ ਅਤੇ ਵਿਖਾਵਟੀ ਦੀਵਾਰਾਂ ਲਈ ਕੁੱਲ 58 ਲੱਖ ਰੁਪਏ ਦੀ ਰਾਸ਼ੀ ਦੀ ਜ਼ਰੂਰਤ ਸੀ, ਜਿਸ ਵਿੱਚੋਂ 28 ਲੱਖ ਰੁਪਏ ਦੀ ਰਾਸ਼ੀ ਨਿਰਦੇਸ਼ਕ, ਛੋਟੀਆਂ ਬੱਚਤਾਂ, ਲੁਧਿਆਣਾ ਤੋਂ ਪ੍ਰਾਪਤ ਹੋ ਗਈ ਹੈ, ਜਿਸ ਦੀ ਵਰਤੋਂ ਯਾਦਗਾਰ ਲਈ ਬਣਨ ਵਾਲੇ ਬੱਤ ਦੇ ਨਮੂਨੇ ਸੰਬੰਧੀ ਨਿਰਣੇ ਉੱਪਰ ਨਿਰਭਰ ਕਰੇਗੀ।




ਅਸੀਂ ਚਾਹੁੰਦੇ ਹਾਂ ਕਿ ਇਹ ਕਾਰਜ ਜਲਦੀ ਤੋਂ ਜਲਦੀ ਨੇਪਰੇ ਚਾੜ੍ਹਿਆ ਜਾਵੇ।

ਕਾਰਜਕਾਰੀ ਇੰਜੀਨੀਅਰ ਦੇ ਸ਼ਪਥ-ਪੱਤਰ ਦੇ ਮੱਦੇ ਨਜ਼ਰ ਹੁਣ ਕਿਸੇ ਹੋਰ ਨਿਰਦੇਸ਼ ਦੇਣ ਦੀ ਜ਼ਰੂਰਤ ਨਹੀਂ।

ਯਾਚਕਾ ਦਾ ਨਿਪਟਾਰਾ ਕੀਤਾ ਜਾਂਦਾ ਹੈ।

(ਵਿਜੇਂਦਰ ਜੈਨ)
2 ਜੁਲਾਈ, 2008 — ਮੁਖ ਜੱਜ
(ਮਹੇਸ਼ ਗਰੋਵਰ)
ਜੱਜ



ਸਰਾਭਾ ਪਿੰਡ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਬੁੱਤ ਸਾਹਮਣੇ ਲੇਖਕ

# ਕ੍ਰਾਂਤੀਕਾਰੀ ਪਾਰਟੀ ਦੇ ਦਫਤਰ ਨੂੰ ਸਮਾਰਕ ਵਿੱਚ ਬਦਲਣ ਬਾਰੇ ਮਾਨਯੋਗ ਹਾਈ ਕੋਰਟ ਵਿੱਚ ਯਾਚਕਾ ਦਾ ਅਸਰ।

**ਸੀ. ਡਬਲਯੂ. ਪੀ. 20236 ਆਫ 2014**
**(ਐਚ. ਸੀ. ਅਰੋੜਾ ਬਨਾਮ ਪੰਜਾਬ ਸਰਕਾਰ )**

**ਯਾਚੀ ਦੀ ਫਰਿਆਦ :**

ਇਸ ਯਾਚਕਾ ਵਿੱਚ ਯਾਚੀ-ਐਡਵੋਕੇਟ ਐਚ. ਸੀ. ਅਰੋੜਾ ਨੇ ਗੁਹਾਰ ਲਗਾਈ ਸੀ ਕਿ ਪੰਜਾਬ ਸਰਕਾਰ ਨੂੰ ਇਹ ਨਿਰਦੇਸ਼ ਦਿੱਤਾ ਜਾਵੇ ਕਿ ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਵੱਲੋਂ ਸਥਾਪਤ ਕ੍ਰਾਂਤੀਕਾਰੀ ਪਾਰਟੀ ਦੇ ਪਹਿਲੇ ਦਫਤਰ ਨੂੰ, ਜਿਹੜਾ ਕਿ ਫਿਰੋਜ਼ਪੁਰ ਵਿੱਚ ਤੂੜੀ ਬਜ਼ਾਰ ਵਿਖੇ ਸਥਿਤ ਹੈ, ਸ਼ਹੀਦਾਂ ਦੀ ਯਾਦ ਵਿੱਚ ਸਮਾਰਕ ਦੇ ਰੂਪ ਵਿੱਚ ਸੁਰੱਖਿਅਤ ਕੀਤਾ ਜਾਵੇ।

**ਯਾਚਕਾ ਦਾ ਅਸਰ:**

ਯਾਚਕਾ ਦਾ ਨੋਟਿਸ ਮਿਲਦਿਆਂ ਹੀ ਪੰਜਾਬ ਸਰਕਾਰ ਨੇ "ਪੰਜਾਬ ਪ੍ਰਾਚੀਨ ਅਤੇ ਇਤਿਹਾਸਕ ਸਮਾਰਕਾਂ ਅਤੇ ਪਰਾਤਤਵੀ ਥਾਵਾਂ ਅਤੇ ਰਿਮੇਂਨਜ਼ ਐਕਟ" ਦੇ ਅੰਤਰਗਤ ਮੁੱਢਲਾ ਨੋਟੀਫਿਕੇਸ਼ਨ ਜਾਰੀ ਕਰਕੇ ਅਖਬਾਰਾਂ ਵਿੱਚ ਛਪਾ ਕਿ ਆਮ ਜਨਤਾ ਕੋਲੋਂ ਦੋ ਮਹੀਨੇ ਦੇ ਸਮੇਂ ਅੰਦਰ ਇਤਰਾਜ਼ ਮੰਗ ਲਏ ਹਨ। ਇਸ ਤਰ੍ਹਾਂ ਸਰਕਾਰ ਨੇ ਕ੍ਰਾਂਤੀਕਾਰੀ ਪਾਰਟੀ ਦੇ ਉਪਰੋਕਤ ਦਫਤਰ ਨੂੰ ਸੁਰੱਖਿਅਤ ਸਮਾਰਕ ਘੋਸ਼ਿਤ ਕਰਣ ਦੀ ਦਿਸ਼ਾ ਵਿੱਚ ਪਹਿਲਾ ਕਦਮ ਚੁੱਕ ਲਿਆ ਹੈ।





ਫਿਰੋਜ਼ਪੁਰ ਦੇ ਤੂੜੀ ਬਜ਼ਾਰ ਵਿਖੇ ਸਥਿਤ ਸ਼ਹੀਦ ਭਗਤ ਸਿੰਘ ਹੁਰਾਂ ਦੀ ਕ੍ਰਾਂਤੀਕਾਰੀ ਪਾਰਟੀ ਦਾ ਗੁਪਤ ਦਫਤਰ।

**ਸ਼ਹੀਦ ਮਦਨ ਲਾਲ ਢੀਂਗੜਾ ਦੇ ਢੱਠੇ ਹੋਏ ਜੱਦੀ ਘਰ ਨੂੰ ਯਾਦਗਾਰ ਦੇ ਤੌਰ ਤੇ ਨਾ ਸਾਂਭਣ ਦੇ ਸਰਕਾਰੀ ਫੈਸਲੇ ਦੇ ਹੱਕ ਵਿੱਚ ਪੰਜਾਬ ਸਰਕਾਰ ਵੱਲੋਂ ਦਿੱਤੇ ਸ਼ਪਥ-ਪੱਤਰ ਵਿੱਚ ਦੱਸੇ ਗਏ ਕੁੱਝ ਤਰਕ:**

ਨੋਟ: ਐਡਵੋਕੇਟ ਐਚ. ਸੀ. ਅਰੋੜਾ ਵੱਲੋਂ ਦਾਇਰ ਜਨ ਹਿੱਤ ਯਾਚਕਾ, ਸੀ. ਡਬਲਯੂ. ਪੀ. -3197 ਆਫ 2012 ਵਿੱਚ ਪੰਜਾਬ ਸਰਕਾਰ ਨੂੰ ਨਿਰਦੇਸ਼ ਦੇਣ ਦੀ ਫਰਿਆਦ ਕੀਤੀ ਗਈ ਸੀ ਕਿ ਸ਼ਹੀਦ ਮਦਨ ਲਾਲ ਢੀਂਗੜਾ ਦੇ ਕਟੜਾ ਸ਼ੇਰ ਸਿੰਘ ਵਿਚਲੇ ਅਧ ਢਹੇ ਜੱਦੀ ਘਰ ਨੂੰ ਸੰਭਾਲਣ ਅਤੇ ਉਸ ਥਾਂ ਤੇ ਉਸ ਦੀ ਯਾਦਗਾਰ ਬਣਾਉਣ ਲਈ ਸੋਚਿਆ ਸਮਝਿਆ ਨਿਰਣਾ ਕਰੇ।

ਪੰਜਾਬ ਸਰਕਾਰ ਵੱਲੋਂ ਸ੍ਰੀ ਨਵਜੋਤ ਪਾਲ ਸਿੰਘ, ਸੰਯੁਕਤ ਨਿਰਦੇਸ਼ਕ, ਸਭਿਆਚਾਰਕ ਵਿਭਾਗ, ਪੰਜਾਬ ਨੇ ਇਕ ਸ਼ਪਥ-ਪੱਤਰ ਦਾਇਰ ਕੀਤਾ, ਜਿਸ ਵਿੱਚ ਮੁਖ ਤੌਰ ਤੇ ਹੇਠ ਲਿਖੇ ਕਾਰਣ ਦੱਸਦੇ ਹੋਏ ਅਜਿਹਾ ਸਮਾਰਕ ਬਣਾਉਣ ਤੋਂ ਇਨਕਾਰ ਕੀਤਾ ਗਿਆ ਸੀ:

ਇਸ ਮਾਨਯੋਗ ਅਦਾਲਤ ਦੇ ਮੂਹਰੇ ਬੇਨਤੀ ਹੈ ਕਿ ਸ਼ਹੀਦ ਮਦਨ ਲਾਲ ਢੀਂਗੜਾ ਵਾਸਤਵ ਵਿੱਚ ਪੰਜਾਬ ਦਾ ਪਹਿਲਾ ਸ਼ਹੀਦ ਸੀ ਅਤੇ ਉਸਦੀ ਆਜ਼ਾਦੀ ਸੰਗਰਾਮ ਅਤੇ ਦੇਸ਼ ਸੇਵਾ ਵਿੱਚ ਦੇਣ ਦਾ ਕੋਈ ਮੁਕਾਬਲਾ ਨਹੀਂ। ਉਹ ਕੌਮ ਦੇ ਸੰਘਰਸ਼ ਦੀ ਪ੍ਰਤਿਨਿਧਤਾ ਕਰਦਾ ਹੈ। ਉਸ ਦੀ ਦੇਸ਼ ਦੀ ਆਜ਼ਾਦੀ ਦੇ ਮੰਤਵ ਲਈ ਦਿੱਤੀ ਗਈ ਕੁਰਬਾਨੀ ਦਾ ਮੁੱਲ ਕਿਸੇ ਵੀ ਤਰੀਕੇ ਨਹੀਂ ਤਾਰਿਆ ਜਾ ਸਕਦਾ।

ਇਸ ਮੰਤਵ ਲਈ, ਸ਼ਹੀਦ ਮਦਨ ਲਾਲ ਢੀਂਗੜਾ ਦੀ ਸ਼ਾਨ ਵਿੱਚ ਸਮਾਰਕ ਬਣਾਉਣ ਲਈ ਪੰਜਾਬ ਸਰਕਾਰ ਨੂੰ ਬਹੁਤ ਸਾਰੀਆਂ ਤਜਵੀਜ਼ਾਂ ਪਰਾਪਤ ਹੋਈਆਂ ਹਨ। ਇਹਨਾਂ ਤਜ਼ਵੀਜ਼ਾਂ ਤੇ ਵਿਚਾਰ ਕਰਣ ਤੋਂ ਪੱਤਾ ਲੱਗਿਆ ਕਿ ਸ਼ਹੀਦ ਮਦਨ ਲਾਲ ਢੀਂਗੜਾ ਦੇ ਪਰਿਵਾਰ ਨੇ ਤਾਂ ਪਹਿਲਾਂ ਹੀ ਆਪਣਾ 350 ਗਜ਼ ਦਾ ਪਲਾਟ ਖੁੱਲ੍ਹੇ ਬਜ਼ਾਰ ਵਿੱਚ ਵੇਚ ਦਿੱਤਾ ਹੈ, ਤੇ ਪਲਾਟ ਦੇ ਖਰੀਦਦਾਰ ਨੇ ਪਲਾਟ ਉਪਰਲੇ ਪੁਰਾਣੇ ਢਾਂਚੇ ਨੂੰ ਪਹਿਲਾਂ ਹੀ ਢਾਹ ਛੱਡਿਆ ਹੈ। ਅੱਜ ਦੀ ਹਾਲਤ ਵਿੱਚ ਸ਼ਹੀਦ ਮਦਨ ਲਾਲ ਢੀਂਗੜਾ ਦੇ ਘਰ ਦੀ ਥਾਂ ਤੇ ਕੇਵਲ ਖਾਲੀ ਪਲਾਟ ਹੈ, ਜਿਵੇਂ ਕਿ ਅਨੁਲੱਗ ਆਰ-1 ਤੋਂ ਸਪੱਸ਼ਟ ਹੈ। ਇਹ ਗੁਆਂਢੀਆਂ ਦੇ ਘਰਾਂ ਦੀਆਂ ਇਮਾਰਤਾਂ ਨਾਲ ਘਿਰੀ ਹੋਈ ਹੈ। ਕਿਉਂਕਿ ਇਹ ਸਥਾਨ ਦੋ/ਤਿੰਨ ਮੰਜਲਾ ਘਰਾਂ ਨਾਲ ਘਿਰੀ ਹੋਈ ਹੈ ਅਤੇ ਇਸ ਦੇ ਮੂਹਰੇ ਇੱਕ ਮੰਜ਼ਲਾ ਦੁਕਾਨਾਂ ਹਨ, ਇਸ ਲਈ ਇਸ ਇਮਾਰਤ ਨੂੰ ਉਹਨਾਂ ਖਰੀਦਾਰਾਂ ਕੋਲੋਂ,ਜਿਹਨਾਂ ਨੇ ਇਹ ਜਗ੍ਹਾ ਸ਼ਹੀਦ ਮਦਨ ਲਾਲ ਢੀਂਗੜਾ



ਦੇ ਪਰਿਵਾਰ ਕੋਲੋਂ ਖਰੀਦੀ ਹੈ, ਖਰੀਦਣਾ ਵਿਹਾਰਕ ਨਹੀਂ। ਇਸ ਤਰ੍ਹਾਂ ਕਿਸੇ ਵੀ ਸੂਰਤ ਵਿੱਚ ਹੁਣ ਇਸ ਜਗ੍ਹਾ ਨੂੰ ਬਣ ਚੁਕੇ ਖਰੀਦਦਾਰ ਤੋਂ ਬਜ਼ਾਰੀ ਕੀਮਤ ਤੇ ਖਰੀਦਣ ਦਾ ਕੇਵਲ ਉਸ ਖਰੀਦਾਰ ਨੂੰ ਹੀ ਲਾਭ ਹੋਵੇਗਾ, ਨਾ ਕਿ ਸ਼ਹੀਦ ਮਦਨ ਲਾਲ ਢੀਂਗੜਾ ਦੇ ਪਰਿਵਾਰ ਨੂੰ। ਇਸ ਹਾਲਾਤ ਵਿੱਚ, ਪੰਜਾਬ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਸ਼ਹੀਦ ਮਦਨ ਲਾਲ ਢੀਂਗੜਾ ਦੀ ਯਾਦਗਾਰ ਉਸ ਦੇ ਜੱਦੀ ਘਰ ਵਾਲੀ ਥਾਂ ਤੇ ਨਾ ਬਣਾਈ ਜਾਵੇ।"





ਸ਼ਹੀਦ ਮਦਨ ਲਾਲ ਢੀਂਗੜਾ ਦੇ ਢਹਿ ਚੁੱਕੇ ਜੱਦੀ ਘਰ ਦੀਆਂ ਤਸਵੀਰਾਂ।

## ਸ਼ਹੀਦ ਸੁਖਦੇਵ ਦੀ ਯਾਦਗਾਰ ਬਾਰੇ ਮਾਨਯੋਗ ਹਾਈ ਕੋਰਟ ਦਾ ਫੈਸਲਾ

**ਸੀ. ਡਬਲਯੂ. ਪੀ. 4227 ਆਫ 2007**

**(ਐਚ. ਸੀ. ਅਰੋੜਾ ਬਨਾਮ ਪੰਜਾਬ ਸਰਕਾਰ)**

**ਯਾਚੀ ਦੀ ਫਰਿਆਦ:**

ਪੰਜਾਬ ਸਰਕਾਰ ਨੂੰ ਨਿਰਦੇਸ਼ ਦਿੱਤਾ ਜਾਵੇ ਕਿ ਸ਼ਹੀਦ ਸੁਖਦੇਵ ਦੇ ਲੁਧਿਆਣਾ ਦੇ ਨੌਘਰਾ ਇਲਾਕੇ ਵਿੱਚ ਸਥਿਤ ਜੱਦੀ ਘਰ ਨੂੰ ਸਮਾਰਕ ਘੋਸ਼ਿਤ ਕਰ ਕੇ ਇਸ ਦੀ ਸਰਕਾਰ ਵੱਲੋਂ ਸੰਭਾਲ ਕੀਤੀ ਜਾਵੇ।

**ਮਾਨਯੋਗ ਹਾਈ ਕੋਰਟ ਦਾ ਨਿਰਦੇਸ਼:**

ਸਰਕਾਰ ਦਾ ਸ਼ਪਥ-ਪੱਤਰ ਰਿਕਾਰਡ ਤੇ ਲਿਆ ਜਾਂਦਾ ਹੈ।

ਸ਼ਪਥ-ਪੱਤਰ ਦੇ ਪੈਰ੍ਹਾ ਨੰਬਰ 2 ਵਿੱਚ ਲਿਖਿਆ ਗਿਆ ਹੈ ਕਿ ਇਹ ਇਕ ਇਤਿਹਾਸਕ ਤੱਥ ਹੈ ਕਿ ਸ਼ਹੀਦ ਭਗਤ ਸਿੰਘ, ਰਾਜ ਗੁਰੂ ਅਤੇ ਸੁਖਦੇਵ ਨੇ 23 ਮਾਰਚ, 1931 ਨੂੰ ਫਾਂਸੀ ਚੁੰਮ ਕੇ ਦੇਸ਼ ਵਾਸਤੇ ਅਤੇ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨ ਲਈ ਇਕ ਮਹਾਨ ਕੁਰਬਾਨੀ ਦਿੱਤੀ ਸੀ। ਇਹ ਵੀ ਕਿਹਾ ਗਿਆ ਹੈ ਕਿ ਸ਼ਹੀਦ ਸੁਖਦੇਵ ਦੇ ਰਿਸ਼ਤੇਦਾਰ ਸਰਕਾਰ ਦੀ ਇਸ ਤਜਵੀਜ਼ ਅਨੁਸਾਰ ਇਹ ਥਾਂ ਦਾਨ ਕਰਨ ਲਈ ਸਹਿਮਤ ਨਹੀਂ ਹਨ। ਲੁਧਿਆਣਾ ਦੇ ਨੌਘਰਾ ਇਲਾਕੇ ਵਿੱਚ ਸਥਿਤ ਇਸ ਜੱਦੀ ਘਰ ਨੂੰ "ਪੰਜਾਬ ਪ੍ਰਾਚੀਨ ਅਤੇ ਇਤਿਹਾਸਕ ਸਮਾਰਕਾਂ ਅਤੇ ਪੁਰਾਤਤਵੀ ਥਾਵਾਂ ਅਤੇ ਰਿਮੇਨਜ਼ ਐਕਟ, 1964" ਦੇ ਤਹਿਤ ਸੁਰੱਖਿਅਤ ਯਾਦਗਾਰ ਘੋਸ਼ਿਤ ਕੀਤਾ ਗਿਆ ਹੈ।

ਪੰਜਾਬ ਸਰਕਾਰ ਵਲੋਂ ਦਾਇਰ ਕੀਤੇ ਸ਼ਪਥ-ਪੱਤਰ ਦੇ ਮੱਦੇ ਨਜ਼ਰ ਇਸ ਯਾਚਕਾ ਦਾ ਨਿਪਟਾਰਾ ਕੀਤਾ ਜਾਨਦਾ ਹੈ ਕਿਉਂਕਿ ਹੁਣ ਕੋਈ ਵੀ ਹੋਰ ਨਿਰਦੇਸ਼ ਜਾਰੀ ਕਰਨ ਦੀ ਜ਼ਰੂਰਤ ਨਹੀ ਰਹੀ।

17 ਜੁਲਾਈ, 2007

(ਵਿਜੇਂਦਰ ਜੈਨ)
ਮੁੱਖ ਜੱਜ
(ਮਹੇਸ਼ ਗਰੋਵਰ)
ਜੱਜ





ਸ਼ਹੀਦ ਸੁਖਦੇਵ ਦਾ ਨੌਘਰਾ ਬਜ਼ਾਰ, ਲੁਧਿਆਣਾ ਵਿਖੇ ਸਥਿਤ ਜੱਦੀ ਘਰ, ਜਿਸ ਨੂੰ ਲੇਖਕ ਦੁਆਰਾ ਦਾਇਰ ਜਨ ਹਿਤ ਯਾਚਕਾ ਦੀ ਸੁਣਵਾਈ ਦੌਰਾਨ ਸੁਰੱਖਿਅਤ ਸਮਾਰਕ ਘੋਸ਼ਿਤ ਕਰ ਦਿੱਤਾ ਗਿਆ।



ਸ਼ਹੀਦ ਕਾਂਸ਼ੀ ਰਾਮ ਦਾ ਮੋਰਿੰਡੇ ਦੇ ਨੇੜੇ ਪਿੰਡ ਮੜੌਲੀ ਵਿਖੇ ਸਪੋਰਟਸ ਸਟੇਡੀਅਮ
ਦੇ ਮੂਹਰੇ ਲੱਗਿਆ ਬੁੱਤ-ਜਿਹਦੇ ਮੂਹਰੇ ਲੇਖਕ
ਖੜ੍ਹਾ ਹੋਇਆ ਹੈ।



## ਦੋ ਹਜ਼ਾਰ ਪੰਦਰਾਂ

ਰੱਜ ਕੇ ਮਨਾਈਏ
ਨਵਾਂ ਸਾਲ ਪੰਦਰਾਂ
ਛੱਡ ਕੇ ਨਾ ਜਾਵੇ
ਕੋਈ ਸਵਾਲ ਪੰਦਰਾਂ।
ਦੋ ਹਜ਼ਾਰ ਪੰਦਰਾਂ
ਨਵਾਂ ਸਾਲ ਪੰਦਰਾਂ
ਰੱਜ ਕੇ ਮਨਾਵੋ
ਨਵਾਂ ਸਾਲ ਪੰਦਰਾਂ
ਛੱਡ ਕੇ ਨਾ ਜਾਵੇ
ਕੋਈ ਸਵਾਲ ਪੰਦਰਾਂ
ਗਦਰੀਆਂ ਬਾਬਿਆਂ ਦਾ
ਸਾਲ ਪੰਦਰਾਂ
ਸਾਡੇ ਦੇਸ਼ ਦੇ ਸਰਾਭਿਆਂ ਦਾ
ਸਾਲ ਪੰਦਰਾਂ।

ਸੌ ਸਾਲ ਪਹਿਲਾਂ ਸੂਲੀ
ਚੜ੍ਹ ਗਏ ਸੀ ਉਹ
ਦੇਸ਼ ਦੀ ਆਜ਼ਾਦੀ ਲਈ
ਲੜ ਗਏ ਸੀ ਉਹ
ਜਾਂਦੇ ਜਾਂਦੇ ਗੋਰੇ ਨੂੰ
ਵੰਗਾਰ ਗਏ ਸੀ ਉਹ
ਸਾਡੇ ਲਈ ਛੱਡ ਕੇ
ਪਿਆਰ ਗਏ ਸੀ ਉਹ
ਦੇਸ਼ ਵਾਸੀਓ ਵੇ ਸਾਨੂੰ
ਯਾਦ ਰੱਖਣਾ

ਆਪਣਿਆਂ ਦਿਲਾਂ ਚ
ਆਬਾਦ ਰੱਖਣਾ।

ਸੌ ਸਾਲ ਪੂਰੇ ਹੋ ਗਏ
ਕੁਰਬਾਨੀ ਨੂੰ
ਆਖਦਾ ਅਰੋੜਾ ਹਰ
ਹਿੰਦੁਸਤਾਨੀ ਨੂੰ
ਨੱਚ-ਨੱਚ ਦੋਸਤੋ
ਧਮਾਲ ਪਾ ਦਿਉ
ਦੋ ਹਜ਼ਾਰ ਪੰਦਰਾਂ ਨੂੰ
ਚਮਕਾ ਦਿਉ।
ਸਾਰਾ ਸਾਲ ਜਸ਼ਨ
ਮਨੌਣੇ ਚਾਹੀਦੇ
ਸੁੱਤੇ ਪਏ ਨੇਤਾ ਵੀ
ਜਗੌਣੇ ਚਾਹੀਦੇ
ਮੁੜ ਕੇ ਸਰਾਭਿਆਂ ਨੂੰ
ਆਉਣਾ ਨਾ ਪਵੇ
ਸਾਨੂੰ ਕਾਲਾ ਅੰਗਰੇਜ਼
ਖੜਕੌਣਾ ਨਾ ਪਵੇ।

ਰੱਜ ਕੇ ਮਨਾਈਏ
ਨਵਾਂ ਸਾਲ ਪੰਦਰਾਂ
ਛੱਡ ਕੇ ਨਾ ਜਾਵੇ
ਕੋਈ ਸਵਾਲ ਪੰਦਰਾਂ।



## ਗੱਡੀ ਭਰ ਕੇ ਸ਼ਹੀਦਾਂ ਦੀ ਆਈ

ਗੱਡੀ ਭਰ ਕੇ ਸ਼ਹੀਦਾਂ ਦੀ ਆਈ
ਕਰ ਲਉ ਦੀਦਾਰ ਹਾਣੀਉਂ
ਜਿਹਨਾਂ ਦੇਸ਼ ਉੱਤੋਂ ਜਿੰਦੜੀ ਲੁਟਾਈ
ਕਰ ਲਉ ਦੀਦਾਰ ਹਾਣੀਓਂ।

ਭਗਤ ਸਿੰਘ, ਰਾਜਗੁਰੂ ਸੁਖਦੇਵ
ਥੋੜੇ ਵਿਚਕਾਰ ਹਾਣੀਉਂ
ਮੌਕਾ ਖੁੰਝ ਗਿਆ ਹੱਥ ਨਹੀਂ ਆਉਣਾ
ਛੇਤੀ ਪਾਓ ਹਾਰ ਹਾਣੀਉਂ।

ਅੱਖੀਂ ਵੇਖ ਲੋ ਸਰਾਭਾ ਕਿਵੇਂ ਸੱਜਿਆ
ਲ਼ਾ ਕੇ ਦਸਤਾਰ ਹਾਣੀਉਂ
ਅੱਜ ਗਦਰੀ ਬਾਬਿਆਂ ਨਾਲ
ਕਰੋ ਅੱਖਾਂ ਚਾਰ ਹਾਣੀਉਂ।

ਅੱਜ ਊਧਮ ਸਿੰਘ ਵੀ ਆਇਆ
ਢੀਂਗੜੇ ਦੇ ਨਾਲ ਹਾਣੀਉਂ
ਵੇਖੋ ਝੂਮਦੇ ਗਦਰੀ ਬਾਬੇ
ਖੁਸ਼ੀਆਂ ਦੇ ਨਾਲ ਹਾਣੀਉਂ।

ਵੇਖੋ ਮੂਹਰੇ ਮੂਹਰੇ ਸਾਰਿਆਂ ਦੇ ਚੱਲਦਾ
ਥੋੜਾ ਕਾਂਸ਼ੀ ਰਾਮ ਹਾਣੀਉਂ
ਜਿਹਨੇ ਦੁਨੀਆਂ ਦੇ ਵਿੱਚ ਚਮਕਾਇਆ
'ਮੰਡੌਲੀ ਕਲਾਂ' ਨਾਮ ਹਾਣੀਉਂ।

ਅੱਜ ਨੱਚ ਨੱਚ ਧਰਤੀ ਹਿਲਾ ਦਿਉ
ਕਰੋ ਨਾ ਆਰਾਮ ਹਾਣੀਉਂ
ਅੱਜ ਸੌ ਸਾਲਾ ਭੰਗੜਾ ਵਿਖਾ ਦਿਉ
ਵੇਖੇ ਕਾਂਸ਼ੀ ਰਾਮ ਹਾਣੀਉਂ।

ਅੱਜ ਵਿਸ਼ਨੂੰ ਗਣੇਸ਼ ਪਿੰਗਲੇ
ਅਤੇ ਬਿਸ਼ਵਾਸ ਹਾਣੀਉਂ
ਮਾਸਟਰ ਅਮੀਰ ਚੰਦ ਆਇਆ
ਕਰੋ ਵਿਸ਼ਵਾਸ ਹਾਣੀਉਂ।
ਅੱਜ ਭਾਈ ਬਖਸ਼ੀਸ਼ ਨਾਲ ਆਇਆ
ਅੱਵਧ ਬਿਹਾਰੀ ਹਾਣੀਉਂ
ਅੱਜ ਭਾਈ ਹਰਨਾਮ ਨੇ ਖਿੜਾਈ
ਥੋਡੀ ਫੁਲਵਾੜੀ ਹਾਣੀਉਂ।

ਵੇਖੋ ਭਾਈ ਜੀ ਸੁਰੈਣ ਸਿੰਘ ਆਏ
ਨਾਲ ਜਗਤ ਸਿੰਘ ਹਾਣੀਉਂ
ਅੱਜ ਖੁਸ਼ੀਆਂ ਦੇ ਵਿੱਚ ਪਿਆ ਨੱਚਦਾ
ਮੰਡੌਲੀ ਕਲਾਂ ਪਿੰਡ ਹਾਣੀਉਂ।

ਗੱਡੀ ਭਰ ਕੇ ਸ਼ਹੀਦਾਂ ਦੀ ਆਈ
ਕਰ ਲਉ ਦੀਦਾਰ ਹਾਣੀਉਂ
ਜਿਹਨਾਂ ਦੇਸ਼ ਉੱਤੋਂ ਜਿੰਦੜੀ ਲੁਟਾਈ
ਕਰ ਲਉ ਦੀਦਾਰ ਹਾਣੀਉਂ।



## ਸੌ ਸਾਲਾ ਕੁਰਬਾਨੀ ਦਾ

ਆਉ ਆਪਾਂ ਜਸ਼ਨ ਮਨਾਈਏ
ਸੌ ਸਾਲਾ ਕੁਰਬਾਨੀ ਦਾ
ਟੌਹਰ ਨਾਲ ਸਿਰ ਉੱਚਾ ਹੋਵੇ
ਹਰ ਇਕ ਹਿੰਦੁਸਤਾਨੀ ਦਾ।

ਆਉ ਸਾਰੇ ਲਵੋ ਵਧਾਈਆਂ
ਮਾਰਚ ਦੀ ਸਤਾਈ ਨੂੰ
ਕਾਂਸ਼ੀ ਰਾਮ ਤੇ ਸਾਥੀਆਂ ਵੱਲੋਂ
ਗਲ ਵਿੱਚ ਫਾਂਸੀ ਪਾਈ ਨੂੰ
ਬਲੀਦਾਨ ਦੀ ਜੋਤੀ ਦੇਸ਼ 'ਚ
ਪਹਿਲੀ ਵਾਰ ਜਲਾਈ ਨੂੰ।

ਵੱਖਰੀਆਂ ਵੱਖਰੀਆਂ ਜੇਹਲਾਂ ਅੰਦਰ
ਯੋਧੇ ਫਾਂਸੀ ਲਾਏ ਸੀ
ਜੀਵਣ ਸਿੰਘ ਤੇ ਲਾਲ ਸਿੰਘ ਵੀ
ਫਾਂਸੀ ਗਲ ਵਿਚ ਪਾਏ ਸੀ
ਜਗਤ ਸਿੰਘ ਤੇ ਧਿਆਨ ਸਿੰਘ ਨੇ
ਮਿਲ ਕੇ ਪੀਂਘ ਝੁਟਾਈ ਸੀ
ਰਹਿਮਤ ਤੇ ਬਖਸ਼ੀਸ਼ ਸਿੰਘ ਨੇ
ਇਹੋ ਰੀਤ ਵਧਾਈ ਸੀ।

ਸੱਤ ਸੂਰਮੇਂ ਇੱਕੋ ਦਿਨ ਹੀ
ਵੀਰ ਗਤੀ ਨੂੰ ਪਾ ਗਏ ਸੀ
ਭਾਰਤੀਆਂ ਦੇ ਦਿਲਾਂ ਦੇ ਅੰਦਰ
ਤਕੜਾ ਲਾਂਬੂ ਲਾ ਗਏ ਸੀ
ਗੋਰਿਆਂ ਨੂੰ ਹੈ ਦੇਸ਼ 'ਚੋਂ ਕੱਢਣਾ
ਫਰਜ਼ ਹਿੰਦੁਸਤਾਨੀ ਦਾ

ਆਉ ਆਪਾਂ ਜਸ਼ਨ ਮਨਾਈਏ
ਸੌ ਸਾਲਾ ਕੁਰਬਾਨੀ ਦਾ।
ਜਿਹੜੀ ਜੋਤ ਜਲੌਣੀ ਆਪਾਂ
ਮਾਰਚ ਦੀ ਸਤਾਈ ਨੂੰ
ਉਸ ਨੂੰ ਅੱਗੇ ਲੈ ਕੇ ਜਾਣਾ
ਜੋਤੀ ਰੂਪ ਲੜਾਈ ਨੂੰ।

ਗੌਰਵ ਜੋਤੀ ਲੈ ਕੇ ਜਾਣੀ
ਮੁੜ ਕੇ ਪਿੰਡ ਸਰਾਭੇ ਨੂੰ
ਸ਼ਰਧਾ ਦੇ ਨੇ ਫੁੱਲ ਚੜ੍ਹਾਣੇ
ਹਰ ਇੱਕ ਗਦਰੀ ਬਾਬੇ ਨੂੰ।

ਵੱਡਾ ਜਸ਼ਨ ਮਨੌਣਾ ਓਥੇ
ਜਾ ਕੇ ਸੋਲਾਂ ਗਿਆਰਾਂ ਨੂੰ
ਕਰਤਾਰ ਸਿੰਘ ਸਰਾਭੇ ਨੂੰ।
ਤੇ ਉਸ ਦੇ ਗਦਰੀ ਯਾਰਾਂ ਨੂੰ

ਵਿਸ਼ਨੂੰ ਗਣੇਸ਼ ਪਿੰਗਲੇ ਨੂੰ
ਤੇ ਬਾਕੀ ਗਦਰੀ ਵੀਰਾਂ ਨੂੰ
ਉਹਨਾਂ ਵੱਲੋਂ ਲਿਖੀਆਂ ਹੋਈਆਂ
ਦੇਸ਼ ਦੀਆਂ ਤਕਦੀਰਾਂ ਨੂੰ।

ਆਓ ਪਿੰਡ ਸਰਾਭੇ ਅੰਦਰ
ਐਸਾ ਜਸ਼ਨ ਮਨਾਈਏ
ਦੁਨੀਆਂ ਦੇ ਨਕਸ਼ੇ ਦੇ ਉੱਪਰ
ਇਸ ਦਾ ਨਾਂ ਲਿਆਈਏ।

ਆਉ ਆਪਾਂ ਜਸ਼ਨ ਮਨਾਈਏ
ਸੌ ਸਾਲਾ ਕੁਰਬਾਨੀ ਦਾ
ਟੌਹਰ ਨਾਲ ਸਿਰ ਉੱਚਾ ਹੋਵੇ
ਹਰ ਇਕ ਹਿੰਦੁਸਤਾਨੀ ਦਾ।



## ਕਸਮ ਸ਼ਹੀਦਾਂ ਦੀ

ਨਸ਼ਿਆਂ ਨੂੰ ਛੱਡੋ ਯਾਰ
ਕਸਮ ਸ਼ਹੀਦਾਂ ਦੀ
ਦੁਨੀਆਂ ਵਿੱਚ ਆਵੋ ਬਾਹਰ
ਕਸਮ ਸ਼ਹੀਦਾਂ ਦੀ।

ਔਣ ਵਾਲੀਆਂ ਨਸਲਾਂ ਉੱਤੇ
ਕਰ ਲਉ ਕੁਝ ਉਪਕਾਰ
ਕਸਮ ਸ਼ਹੀਦਾਂ ਦੀ
ਨਸ਼ਿਆਂ ਨੂੰ ਛੱਡੋ ਯਾਰ।

ਜੇਕਰ ਯਾਰੋ ਭਗਤ ਸਿੰਘ ਨੂੰ
ਕਰਦੇ ਤੁਸੀਂ ਪਿਆਰ
ਕਸਮ ਸ਼ਹੀਦਾਂ ਦੀ
ਨਸ਼ਿਆਂ ਨੂੰ ਛੱਡੋ ਯਾਰ।

ਫੌਜ 'ਚ ਭਰਤੀ ਹੋ ਕੇ
ਵੈਰੀ ਤੇ ਜੇ ਕਰਨਾ ਵਾਰ
ਕਸਮ ਸ਼ਹੀਦਾਂ ਦੀ
ਨਸ਼ਿਆਂ ਨੂੰ ਛੱਡੋ ਯਾਰ।

ਮਾਰਸ਼ਲ ਕੌਮ ਦਾ ਇਸ ਤਰ੍ਹਾਂ
ਨਾ ਕਰਿਉ ਨਰ ਸੰਹਾਰ
ਕਸਮ ਸ਼ਹੀਦਾਂ ਦੀ
ਨਸ਼ਿਆਂ ਨੂੰ ਛੱਡੋ ਯਾਰ।
ਨਸ਼ੇੜੂ ਛੜਿਆਂ ਦੀ

ਨਾ ਪੈਦਾ ਕਰੋ ਕਤਾਰ
ਕਸਮ ਸ਼ਹੀਦਾਂ ਦੀ
ਨਸ਼ਿਆਂ ਨੂੰ ਛੱਡੋ ਯਾਰ।

ਅੱਜ ਕੱਲ੍ਹ ਦੇ ਉਡਵਾਇਰ ਯਾਰੋ
ਮਾਰਨ ਗੁੱਝੀ ਮਾਰ
ਕਸਮ ਸ਼ਹੀਦਾਂ ਦੀ
ਨਸ਼ਿਆਂ ਨੂੰ ਛੱਡੋ ਯਾਰ।

ਥੋੜੇ ਵਿੱਚੋਂ ਭਗਤ ਸਿੰਘ
ਤੇ ਊਧਮ ਕਰੋ ਤਿਆਰ
ਕਸਮ ਸ਼ਹੀਦਾਂ ਦੀ
ਨਸ਼ਿਆਂ ਨੂੰ ਛੱਡੋ ਯਾਰ।



## ਕਰਤਾਰ ਸਰਾਭੇ ਦਾ

ਉੱਚਾ ਲੰਮਾ ਸੁਹਣਾ ਸੀ ਸਰਦਾਰ ਸਰਾਭੇ ਦਾ
ਜਿਸ ਨੂੰ ਲੋਕੀਂ ਕਹਿੰਦੇ ਸੀ ਕਰਤਾਰ ਸਰਾਭੇ ਦਾ
ਸਭ ਤੋਂ ਛੋਟੀ ਉਮਰ ਦੇ ਲੋਕੋ ਗਦਰੀ ਬਾਬੇ ਦਾ
ਉੱਚਾ ਜਿਸ ਨੇ ਨਾਂ ਸੀ ਕੀਤਾ ਪਿੰਡ ਸਰਾਭੇ ਦਾ।

ਉੱਨੀ ਸੌ ਤੇ ਚੌਦਾਂ ਦੀ ਇਹ ਗੱਲ ਪੁਰਾਣੀ ਹੈ
ਅੰਗਰੇਜ਼ ਖਿਲ਼ਾਫ ਬਗਾਵਤ ਵਿੱਢਣ ਦੀ ਕਹਾਣੀ ਹੈ
ਗੋਰਿਆਂ ਨੂੰ ਠੋਕਣ ਦਾ ਇਹ ਵਧੀਆ ਮੌਕਾ ਸੀ
ਅੰਦਰੂਨੀ ਜੰਗ 'ਚ ਝੋਕਣ ਦਾ ਇਹ ਵਧੀਆ ਮੌਕਾ ਸੀ।

ਗਦਰ ਪਾਰਟੀ ਨੇ ਇਹ ਤਕੜਾ ਨਿਰਣਾ ਕੀਤਾ ਸੀ
ਧਰਮੀ ਫੌਜੀਆਂ ਨਾਲ ਰਾਬਤਾ ਕਾਇਮ ਕੀਤਾ ਸੀ
ਫੈਸਲਾ ਹੋ ਗਿਆ ਲੀਕ ਪੂਰਾ ਪੰਗਾ ਪੈ ਗਿਆ
ਗੋਰਾ ਬਾਗੀਆਂ ਨੂੰ ਘਰੋਂ ਫੜ ਕੇ ਲੈ ਗਿਆ।

ਹੱਸ-ਹੱਸ ਸੂਰਮੇ ਸੀ ਫਾਂਸੀ ਚੜ੍ਹ ਗਏ
ਜਾਣ ਲੱਗੇ ਦੇਸ਼ ਨੂੰ ਅਪੀਲਾਂ ਕਰ ਗਏ
ਡਰਿਓ ਨਾਂ ਜਦੋਂ ਅਸੀਂ ਫਾਂਸੀ ਚੜ੍ਹਾਂਗੇ
ਜਿੱਥੇ ਵੀ ਰਹਾਂਗੇ ਥੋਨੂੰ ਯਾਦ ਕਰਾਂਗੇ।

ਹੋ ਸਕੇ ਤੁਸੀਂ ਸਾਨੂੰ ਯਾਦ ਰੱਖਿਓ
ਸਾਡੀ ਛੇੜੀ ਜੰਗ ਨੂੰ ਆਬਾਦ ਰੱਖਿਓ
ਜਲਦੀ ਹੀ ਦੇਸ਼ ਨੇ ਆਜ਼ਾਦ ਹੋਣਾ ਹੈ
ਮੱਥੇ ਹੱਥ ਮਾਰ ਅੰਗਰੇਜ਼ਾਂ ਰੋਣਾ ਹੈ।

ਇਹਨੂੰ ਕਹਿੰਦੇ ਦੇਸ਼ ਲਈ ਪਿਆਰ ਸਰਾਭੇ ਦਾ
ਭਗਤ ਸਿੰਘ ਸੀ ਤਕੜਾ ਪੈਰੋਕਾਰ ਸਰਾਭੇ ਦਾ
ਸਾਰਾ ਦੇਸ਼ ਕਰਦਾ ਹੈ ਸਤਿਕਾਰ ਸਰਾਭੇ ਦਾ
ਕਹੇ 'ਅਰੋੜਾ' ਮੈਂ ਝੰਡਾ-ਬਰਦਾਰ ਸਰਾਭੇ ਦਾ।



## ਸਰਾਭਾ ਪਿੰਡ

ਅਸੀਂ ਜਿਹੜੇ ਪਾਸੇ ਜਾਈਏ
ਧੂੜਾਂ ਪੱਟਦੇ ਹੀ ਜਾਈਏ
ਅਸੀਂ ਹੌਲੀ ਹੌਲੀ-ਹੌਲੀ-ਹੌਲੀ
ਚੱਲਦੇ ਨਹੀਂ।

ਅਸੀਂ ਦੇਈਏ ਕੁਰਬਾਨੀਆਂ
ਤਾਂ ਦੇਈ ਦੇਈ ਜਾਈਏ
ਅਸੀਂ ਕੁਰਬਾਨੀ ਦਿੰਦੇ ਦਿੰਦੇ
ਥੱਕਦੇ ਨਹੀਂ।

ਇੱਥੇ ਕੱਲਾ ਕੱਲਾ ਪਿੰਡ
ਪੁੱਤ ਵਾਰੀ-ਵਾਰੀ ਜਾਵੇ
ਦੇ ਸਕਦਾਂ ਮਿਸਾਲ
ਮੈਂ ਸਰਾਭੇ ਪਿੰਡ ਦੀ
ਜਿਵੇਂ ਨਰਸਰੀ ਵਿੱਚ ਫੁੱਲ
ਖਿੜੀ-ਖਿੜੀ ਜਾਣ
ਅਤੇ ਚਾਰੇ ਪਾਸੇ ਹੋਵੇ
ਖੁਸ਼ਬੋ ਖਿੰਡਦੀ।

ਜਿਹਨੇ ਰੁਲੀਏ ਦੇ ਘਰ
ਸਿੱਖੀ ਦੇਸ਼ ਭਗਤੀ
ਉਹ ਹਰਮਨ ਪਿਆਰਾ
ਕਰਤਾਰ ਸਿੰਘ ਸੀ
ਦੋਵੇਂ ਹੋ ਗਏ ਸੀ ਸ਼ਹੀਦ
ਸਾਡੇ ਦੇਸ਼ ਵਾਸਤੇ
ਇਕ ਕਾਲੇ ਪਾਣੀ ਵਿੱਚ
ਦੂਜਾ ਫਾਂਸੀ ਚੜ੍ਹਿਆ

ਅਜੇ ਕਰਨੀ ਹੈ ਗੱਲ
ਦੇਸ਼ ਭਗਤਾਂ ਦੀ ਹੋਰ
ਜ਼ਰਾ ਕੰਨ ਲਾ ਕੇ ਮੇਰੀ
ਗੱਲ ਸੁਣ ਅੜਿਆ।

ਇਕ ਵੱਡੀ ਨਰਸਰੀ ਸਾਡੇ
ਦੇਸ਼ ਵਿੱਚ ਹੋਈ
ਜਿਹਦਾ ਗਦਰੀਆਂ ਦੀ ਲਹਿਰ
ਲੋਕਾਂ ਨਾਂ ਧਰਿਆ
ਜਿਹਦੇ ਸੱਤ-ਸੱਤ ਫੁੱਲ
ਇਕੋ ਦਿਨ ਟੁਟ ਗਏ
ਜ਼ਰਾ ਸੋਚ ਕੁਰਬਾਨੀ
ਕਿੱਡੀ ਵੱਡੀ ਅੜਿਆ।

ਦੋ ਸੁਰੈਣ ਸਿੰਘ ਸਨ
ਇਕ ਬਖਸ਼ੀਸ਼ ਸਿੰਘ
ਉਹਨਾਂ ਨਾਲ ਚੌਥਾ ਭਾਈ
ਹਰਨਾਮ ਸਿੰਘ ਸੀ
ਨਾਲੇ ਵਿਸ਼ਣੂੰ ਗਨੇਸ਼
ਤੇ ਜਗਤ ਸਿੰਘ ਸੀ
ਜਿਹੜਾ ਸੱਤਵਾਂ ਉਹ ਖੁਦ
ਕਰਤਾਰ ਸਿੰਘ ਸੀ।

ਜਦ ਸੱਤੋਂ ਸਿੰਘ ਤਣ ਗਏ ਸੀ
ਰੱਸੇ ਚੁੰਮ ਕੇ
ਉਸ ਮੌਕੇ ਦਾ ਗਵਾਹ
ਸੋਹਣ ਸਿੰਘ ਭਕਨਾ
ਇਹ ਤਾਂ ਸਾਰ ਵਿੱਚ ਗੱਲ
ਦੱਸੀ ਥੋਨੂੰ ਦੋਸਤੋ
ਹੁਣ ਤੁਰਨੀ ਹੈ ਗਾਥਾ
ਤੇ ਅਖਾੜਾ ਭਖਣਾ।



## ‘ਗਦਰ’ ਅਖਬਾਰ

ਇਹਨੂੰ ਕਹਿੰਦੇ ਨੇ ਅਖਬਾਰ
ਖੁੱਲ੍ਹਮ-ਖੁੱਲ੍ਹਾ ਹੋਕਾ ਦਿੱਤਾ
ਅੰਗਰੇਜ਼ਾਂ ਨੂੰ ਕੱਢੋ ਬਾਹਰ
ਇਹਨੂੰ ਕਹਿੰਦੇ ਨੇ ਅਖਬਾਰ।

ਜਿਸ ਦੇ ਅੰਦਰ ਲੇਖ ਸੀ ਲਿਖਦਾ
ਪਿੰਡ ਸਰਾਭੇ ਦਾ ਸਰਦਾਰ।
ਸ਼ੇਰਾਂ ਵਾਂਗੂੰ ਗੱਜਦਾ ਸੀ ਜੋ
ਛੱਡਦਾ ਸੀ ਪੂਰੀ ਲਲਕਾਰ
ਇਹਨੂੰ ਕਹਿੰਦੇ ਨੇ ਅਖਬਾਰ।

ਸਾਰੇ ਫਿਰਕੇ ਕੱਠੇ ਹੋ ਕੇ
ਅੰਗਰੇਜ਼ਾਂ ਨੂੰ ਕੱਢੋ ਬਾਹਰ
ਅੱਧੀ ਰਾਤੀਂ ਛੱਡ ਕੇ ਭੱਜਣ
ਐਨੀ ਤਕੜੀ ਦੇਵੋ ਮਾਰ
ਹਰ ਰੋਜ਼ ਹੀ ਨਵੇਂ ਵਿਚਾਰ
ਇਹਨੂੰ ਕਹਿੰਦੇ ਨੇ ਅਖਬਾਰ।

ਨਾ ਕੋਈ ਕੀਮਤ ਨਾ ਕੋਈ ਚੰਦਾ
ਫੋਕਟ ਵਿੱਚ ਮਿਲਦਾ ਅਖਬਾਰ
ਫੋਕਟੀ ਵਿੱਚ ਹੀ ਕੰਮ ਸੀ ਕਰਦੇ
ਐਡੀਟਰ ਤੇ ਪੱਤਰਕਾਰ
ਇਹਨੂੰ ਕਹਿੰਦੇ ਨੇ ਅਖਬਾਰ।

ਕਈ ਹਜ਼ਾਰਾਂ ਪਰਚੇ ਛਪਦੇ
ਬੇਸ਼ੱਕ ਛਪਦੇ ਹਫਤਾਵਾਰ

ਹਿੰਦੁਸਤਾਨ ਆਜ਼ਾਦ ਕਰੌਣਾ
ਹਰ ਹਫਤੇ ਦਿੰਦਾ ਲਲਕਾਰ
ਇਹਨੂੰ ਕਹਿੰਦੇ ਨੇ ਅਖਬਾਰ।

ਖੁੱਲ੍ਹਮ-ਖੁੱਲ੍ਹਾ ਲਿਖਦਾ ਸੀ ਉਹ
ਹਿੰਦੀਓ ਚੱਕ ਲਵੋ ਹਥਿਆਰ
ਪਿਆਰ ਨਾਲ ਨਹੀਂ ਗੋਰਿਆਂ ਜਾਣਾ
ਛਿੱਤਰ ਮਾਰ ਕੇ ਕੱਢੋ ਬਾਹਰ
ਏਦਾਂ ਕਹਿੰਦਾ ਸੀ ਅਖਬਾਰ।

ਕਦੇ ਤਾਂ ਸਾਨੂੰ ਕੁੱਲੀ ਆਖਦੇ
ਲਗਦਾ ਸਾਨੂੰ ਕੱਢਣ ਗਾਲ੍ਹ
ਸਾਨੂੰ 'ਕਾਲਾ ਲੋਗ' ਆਖਦੇ
ਭਰੀਆਂ ਸੱਥਾਂ ਦੇ ਵਿਚਕਾਰ
ਹੁਣ ਹੋਰ ਨਾ ਝੱਲੋ ਲੋਕੋ
ਮਾੜੇ ਸ਼ਬਦਾਂ ਦੀ ਇਹ ਮਾਰ
ਏਦਾਂ ਕਹਿੰਦਾ ਸੀ ਅਖਬਾਰ।

ਅਮਰੀਕਾ ਵਿੱਚ ਰਹਿੰਦੇ ਹੋ ਗਏ
ਸਾਨੂੰ ਲੋਕੋ ਕਿੰਨੇ ਸਾਲ
ਕਦੇ ਤਾਂ ਜਾ ਕੇ ਪੁੱਛੋ ਵੀਰੋ
ਆਪਣੀ ਭਾਰਤ ਮਾਂ ਦਾ ਹਾਲ
ਏਦਾਂ ਕਹਿੰਦਾ ਸੀ ਅਖਬਾਰ।

ਸਾਡੇ ਦੇਸ਼ ਨੂੰ ਖਾਈ ਜਾਂਦੇ
ਗੋਰੇ ਲੁੱਟੀ ਜਾਂਦੇ ਮਾਲ
ਗੋਰਿਆਂ ਦੇ ਤਾਂ ਕੁੱਤਿਆਂ ਦਾ ਵੀ




ਸਾਡੇ ਨਾਲੋਂ ਚੰਗਾ ਹਾਲ
ਏਦਾਂ ਕਹਿੰਦਾ ਸੀ ਅਖਬਾਰ।

ਪਹਿਲੀ ਵੱਡੀ ਜੰਗ 'ਚ ਫਸਿਆ
ਗੋਰਾ ਦੁਸ਼ਮਣ ਪਹਿਲੀ ਵਾਰ
ਆਹੀ ਸੱਭ ਤੋਂ ਵਧੀਆ ਮੌਕਾ
ਵੈਰੀ ਉੱਤੇ ਕਰੀਏ ਵਾਰ
ਏੱਦਾਂ ਕਹਿੰਦਾ ਸੀ ਅਖਬਾਰ।

ਗਦਰ ਪਾਰਟੀ ਕਰਦੀ ਪਈ ਹੈ
ਭਾਰਤ ਵਿੱਚ ਪੂਰਾ ਪ੍ਰਚਾਰ
ਕੱਲਾ-ਕੱਲਾ ਡਾਕੂ ਮਾਰੋ
ਵੀਰੋ ਚੁੱਕ ਲਵੋ ਹਥਿਆਰ
ਏਦਾਂ ਕਹਿੰਦਾ ਸੀ ਅਖਬਾਰ।

ਭਾਰਤ ਵਿੱਚੋਂ ਦਾਣਾ ਫੱਕਾ
ਹੁਣ ਕਦੇ ਨਾ ਜਾਵੇ ਬਾਹਰ
ਰਾਤ ਬਰਾਤੇ ਦਾਅ ਲੱਗੇ ਤਾਂ
ਰੇਲਾਂ ਦੀ ਵੀ ਕੱਟੋ ਤਾਰ
ਏਦਾਂ ਕਹਿੰਦਾ ਸੀ ਅਖਬਾਰ।



ਗ਼ਦਰੀ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ



## ਬਾਬਿਆਂ ਦਾ ਬਾਬਾ

ਬਾਬਿਆਂ ਦਾ ਬਾਬਾ
ਸੋਹਣ ਸਿੰਘ ਭਕਨਾ
ਭੁੱਲਣਾਂ ਨਹੀਂ ਉਹਨੂੰ
ਸਦਾ ਯਾਦ ਰੱਖਣਾ।

ਵੇਖੀਆਂ ਸੀ ਉਹਨੇ
ਬਹੁਤ ਹੱਡਬੀਤੀਆਂ
ਜੇਹਲ ਵਿੱਚ ਬਹਿ ਕੇ
ਘੜਦਾ ਸੀ ਨੀਤੀਆਂ।

ਜ਼ਿੰਦਗੀ 'ਚ ਉਹਨੇ
ਬਹੁਤ ਕੁਸ਼ ਵੇਖਿਆ
ਬੂਟਿਆਂ ਨੂੰ ਬਣਦਾ
ਸੀ ਰੁੱਖ ਵੇਖਿਆ।

ਉਹਨੇ ਦੁਖੀ ਦਿਲ ਨਾਲ
ਅਤੇ ਸਾਹ ਰੋਕ ਕੇ
ਇੱਕ ਇੱਕ ਦਿਨ
ਸੱਤ ਸੱਤ ਤੋਰ ਤੇ।

ਉਹਨੇ ਅੱਖਾਂ ਮੂਹਰੇ ਜਾਂਦਾ
ਕਰਤਾਰ ਵੇਖਿਆ
ਬਾਬਿਆਂ ਦਾ ਜਾਂਦਾ
ਪਰਿਵਾਰ ਵੇਖਿਆ।

ਜਿਹਲ ਵਿੱਚ ਬਾਬਾ
ਟਹਿਲਦਾ ਹੀ ਰਹਿੰਦਾ ਸੀ

ਸਾਥੀਆਂ ਦੀ ਕੋਠੀ
ਝਾਤੀ ਮਾਰ ਲੈਂਦਾ ਸੀ।

ਵੇਖ ਲੈਂਦਾ ਸਾਥੀਆਂ ਨੂੰ
ਝਾਤ ਮਾਰ ਕੇ
ਪੁੱਛ ਲੈਂਦਾ ਹਾਲ ਚਾਲ
ਵਾਜ ਮਾਰ ਕੇ।
ਮਿਲਦਾ ਭਗਤ ਸਿੰਘ ਨੂੰ
ਤਾਂ ਆਖਦਾ
ਮੈਨੂੰ ਤੇਰੇ ਵਿੱਚੋਂ ਦੂਜਾ
ਕਰਤਾਰ ਜਾਪਦਾ।

ਸੋਲਾਂ ਸਾਲ ਤੱਕ
ਜੇਹਲਾਂ ਵਿੱਚ ਰਹਿ ਗਿਆ
ਛੁੱਟਿਆ ਤਾਂ ਫੇਰ
ਉਸੇ ਰਾਹੇ ਪੈ ਗਿਆ।

ਲੋਕ ਰਾਜ ਵਿੱਚ ਵੀ ਸੀ
ਬਾਬਾ ਰੁਲਿਆ
ਸਾਡੀ ਸਰਕਾਰ ਨਾਲ
ਵੀ ਸੀ ਘੁਲਿਆ।

ਲੋਕ ਰਾਜ ਨੇ ਵੀ
ਬਾਬੇ ਨੂੰ ਹੀ ਡੱਸਿਆ
ਹੋ ਗਿਆ ਬਿਮਾਰ ਤਾਂ
ਉਹ ਚੱਲ ਵੱਸਿਆ।
ਬਾਬਿਆਂ ਦਾ ਬਾਬਾ
ਸੋਹਣ ਸਿੰਘ ਭਕਨਾ
ਭੁੱਲਣਾ ਨਹੀਂ ਉਹਨੂੰ
ਸਦਾ ਯਾਦ ਰੱਖਣਾ।



## ਕਾਮਾਗਾਟਾ ਮਾਰੂ

ਆ ਗੱਲਾਂ ਕਰੀਏ
ਕਾਮਾਗਾਟਾ ਮਾਰੂ ਦੀਆਂ
ਸਾਗਰਾਂ ਦੇ ਤਾਰੂ ਦੀਆਂ।

ਉਹ ਬੰਦੇ ਭਰ ਕੇ
ਇੰਡੀਆ ਤੋਂ ਆਇਆ ਸੀ
ਵੈਨਕੂਵਰ ਦੇ ਵਿੱਚ
ਆ ਕੇ ਖੜ੍ਹਨਾ ਚਾਹਿਆ ਸੀ
ਪਰ ਕੈਨੇਡਾ ਨੇ
ਉਸ ਤੇ ਰੋਕ ਲਗਾ ਦਿੱਤੀ
ਮੁਸਾਫਰਾਂ ਦੀ
ਜਾਨ ਕੁੜਿੱਕੀ ਪਾ ਦਿੱਤੀ
ਉਹ ਗੁੱਸੇ ਦੇ ਵਿੱਚ
ਅੱਗ ਬਬੂਲੇ ਹੋ ਗਏ ਸੀ
ਇੰਜ ਲਗਦਾ ਸੀ ਕਿ
ਕੱਖੋਂ ਹੌਲੇ ਹੋ ਗਏ ਸੀ
ਉਹ ਵਾਪਸ ਮੁੜ ਕੇ
ਇੰਡੀਆ ਨੂੰ ਚੱਲ ਪਏ ਸੀ
ਅੰਗਰੇਜ਼ਾਂ ਦੇ ਨਾਲ
ਲ਼ੋਹਾ ਲੈਣ ਨਿਕਲ ਪਏ ਸੀ
ਕਲਕੱਤੇ ਪਹੁੰਚੇ
ਤਾਂ ਅੰਗਰੇਜ਼ਾਂ ਘੇਰ ਲਿਆ
ਨਿਹੱਥਿਆਂ ਉੱਤੇ
ਗੋਲੀਆਂ ਦਾ ਮੀਂਹ ਪਿਆ
ਕਿੰਨੇ ਹੀ ਮਰ ਗਏ
ਕਿੰਨੇ ਹੀ ਜ਼ਖਮੀ ਹੋ ਗਏ ਸੀ

ਕੁਝ ਭੱਜਣ ਦੇ ਵਿੱਚ
ਕਾਮਯਾਬ ਹੋ ਗਏ ਸੀ
ਉਹ ਗੋਰਿਆਂ ਦੇ
ਪੱਕੇ ਦੁਸ਼ਮਣ ਬਣ ਗਏ ਸੀ
ਕੁਝ ਲੈ ਬੰਦੂਕਾਂ
ਬਾਗੀ ਬਣ ਕੇ ਤਣ  ਗਏ ਸੀ
ਉਹਨਾਂ ਨੇ ਠਾਣੀ
ਦੇਸ਼ ਆਜ਼ਾਦ ਕਰੌਣਾ ਹੈ
ਅਸੀਂ ਗੋਰਿਆਂ ਤਾਈਂ
ਡੰਡੇ ਮਾਰ ਭਜੌਣਾ ਹੈ
ਇਸ ਅੱਗ ਦੇ ਵਿੱਚੋਂ
ਗਦਰ ਪਾਰਟੀ ਬਣ ਗਈ ਸੀ
ਜੋ ਮਏ ਹਥਿਆਰਾਂ
ਫੌਜ ਦੇ ਵਾਂਗਰ ਤਣ ਗਈ ਸੀ

ਇਹ ਸੀ ਨਤੀਜਾ
ਕਾਮਾਗਾਟਾ ਮਾਰੂ ਦਾ
ਸਾਗਰਾਂ ਦੇ ਤਾਰੂ ਦਾ।

ਆ ਗੱਲਾਂ ਕਰੀਏ
ਕਾਮਾਗਾਟਾ ਮਾਰੂ ਦੀਆਂ
ਸਾਗਰਾਂ ਦੇ ਤਾਰੂ ਦੀਆਂ।



## ਕਿੱਸੇ ਬਾਗੀ ਲਹਿਰ ਦੇ

ਭਾਨ ਸਿੰਘ ਸੀ ਤੁਰ ਗਿਆ
ਬਿਨਾਂ ਦਵਾਈਆਂ ਦੇ
ਅੰਡੇਮਾਨ 'ਚ ਪੈ ਗਿਆ
ਹੱਥ ਕਸਾਈਆਂ ਦੇ।

ਭਾਨ ਸਿੰਘ ਨੇ ਹਰ ਵੇਲੇ ਹੀ
ਇਹੋ ਗਾਂਦੇ ਰਹਿਣਾ
ਮਿੱਤਰ ਪਿਆਰੇ ਨੂੰ
ਹਾਲ ਮੁਰੀਦਾਂ ਦਾ ਕਹਿਣਾ"

ਆਪੇ ਗਲ ਵਿੱਚ ਫਾਂਸੀ
ਪਾਈ ਪਿੰਗਲੇ ਨੇ
ਜਾਂਦੀ ਵਾਰੀ ਟਾਹਰ
ਲਗਾਈ ਪਿੰਗਲੇ ਨੇ।
ਭਾਰਤ ਮਾਤਾ ਨੂੰ
ਆਜ਼ਾਦੀ ਮਿਲ ਜਾਵੇ
ਅੰਤਮ ਇੱਛਾ ਸੀ ਜਤਾਈ
ਪਿੰਗਲੇ ਨੇ।

ਬਾਬੇ ਬਾਲ ਮੁਕੰਦ ਦੀ
ਵੱਖ ਕਹਾਣੀ ਹੈ
ਸੋਨੇ ਦੇ ਅੱਖਰਾਂ ਵਿੱਚ
ਲਿਖੀ ਜਾਣੀ ਹੈ।

ਉਸ ਦੀ ਪਤਨੀ ਘਰ ਵਿੱਚ
ਫਰਸ਼ ਤੇ ਸੌਂਦੀ ਸੀ

ਰੁੱਖਾ ਸੁੱਖਾ ਅੰਨ ਹੀ
ਮੂੰਹ ਨੂੰ ਲੌਂਦੀ ਸੀ

ਕਹਿੰਦੀ ਸੀ ਮੈਂ ਉਹੀ
ਦੁੱਖ ਹੰਢਾਵਾਂਗੀ
ਉਸੇ ਤਰ੍ਹਾਂ ਦੇ ਲੀੜੇ
ਲੱਤੇ ਪਾਵਾਂਗੀ
ਜਿਸ ਤਰ੍ਹਾਂ ਦੀ ਜਿੰਦਗੀ
ਸਾਈਂ ਜੀਂਦਾ ਹੈ
ਜਿਸ ਤਰ੍ਹਾਂ ਦੇ ਉਹ
ਤਸੀਹੇ ਸਹਿੰਦਾ ਹੈ।

ਬਾਲ ਮੁਕੰਦ ਨੇ ਮੌਤ ਨੂੰ
ਗਲ਼ੇ ਲਗਾਇਆ ਸੀ
ਰਾਮ ਰੱਖੀ ਨੇ ਪਤਨੀ ਧਰਮ
ਨਿਭਾਇਆ ਸੀ।

ਉਸ ਨੇ ਅੱਖਾਂ ਮੀਚ
ਸਮਾਧੀ ਲਾਈ ਸੀ
ਇੱਦਾਂ ਉਸਨੇ ਆਪਣੀ ਸੌਂਹ
ਨਿਭਾਈ ਸੀ।

ਹਰ ਬਾਬੇ ਦੀ ਵੱਖਰੀ
ਇਕ ਕਹਾਣੀ ਹੈ
ਥੋੜੇ ਸਮੇਂ 'ਚ ਔਖੀ
ਬਹੁਤ ਮੁਕਾਣੀ ਹੈ।



## ਸ਼ਹਿਨਸ਼ਾਹ ਮੰਡੌਲੀ ਦਾ

ਸੜਕ ਤੇ ਪਹਿਰਾ ਦਿੰਦਾ
ਸ਼ਹਿਨਸ਼ਾਹ ਮੰਡੌਲੀ ਦਾ
ਟੂਰਨਾਮੈਂਟ ਕਰਾਉਂਦਾ
ਸਰਬਰਾਹ ਮੰਡੌਲੀ ਦਾ।

ਰੋਪੜ ਵਾਲੀ ਸੜਕ ਤੇ
ਪੈਂਦਾ ਪਿੰਡ ਮੰਡੌਲੀ ਦਾ
ਨਾਲ ਮੋਰਿੰਡੇ ਦੇ ਹੈ ਖਹਿੰਦਾ
ਪਿੰਡ ਮੰਡੌਲੀ ਦਾ।

ਦੁਨੀਆਂ ਤੇ ਚਮਕਾਇਆ
ਉਸਨੇ ਨਾ ਮੰਡੌਲੀ ਦਾ
ਨਕਸ਼ੇ ਵਿੱਚ ਬਣਾਇਆ
ਉਸਨੇ ਥਾਂ ਮੰਡੌਲੀ ਦਾ।

ਗਦਰੀ ਲਹਿਰ ਦਾ ਮੋਢੀ ਸੀ
ਉਹ ਸ਼ੇਰ ਮੰਡੌਲੀ ਦਾ
ਪਹਿਲਾਂ ਸੀ ਉਹ ਭਾਰਤ ਦਾ
ਤੇ ਫੇਰ ਮੰਡੌਲੀ ਦਾ।

ਉਸਨੇ ਕੀਤਾ ਫੈਸਲਾ
ਲੜਾਈ ਕਰਨੀ ਸੀ
ਫਿਰੋਜ਼ਪੁਰ ਦੀ ਛਾਉਣੀ ਤੇ
ਚੜ੍ਹਾਈ ਕਰਨੀ ਸੀ

ਰਸਤੇ ਦੇ ਵਿੱਚ ਦੋ ਪੁਲਸੀਏ
ਹੱਥੀਂ ਚੜ੍ਹ ਗਏ ਸੀ
ਉਸ ਦੀ ਗੋਲੀ ਖਾ ਕੇ
ਮੌਕੇ ਤੇ ਹੀ ਮਰ ਗਏ ਸੀ।

ਇਸੇ ਜੁਰਮ ਦੀ ਖਾਤਰ
ਯੋਧਾ ਫਾਂਸੀ ਚੜ੍ਹ ਗਿਆ ਸੀ
ਮਾਫੀ ਨਾ ਮੰਗਣ ਦੀ ਆਪਣੀ
ਜ਼ਿੱਦ ਤੇ ਅੜ ਗਿਆ ਸੀ।

ਮਾਇਆ ਮੋਹ ਸੰਸਾਰ ਨੂੰ
ਮੈਂ ਤੁੱਛ ਸਮਝਦਾ ਹਾਂ
ਨਾ ਮੈਂ ਕਿਸੇ ਵੀ ਰਿਸ਼ਤੇ ਨੰ
ਹੀ ਕੁਛ ਸਮਝਦਾ ਹਾਂ।
ਭਾਰਤ ਮਾਤਾ ਦੇ ਪੁੱਤਰਾਂ ਨੂੰ
ਪੁੱਤਰ ਹੀ ਸਮਝੋ
ਇਸ ਨੂੰ ਮਾਫੀ ਮੰਗਣ ਵਾਲੀ
ਗੱਲ ਦਾ ਉੱਤਰ ਹੀ ਸਮਝੋ।
ਇਸ ਤਰ੍ਹਾਂ ਸੀ ਯੋਧੇ ਨੇ
ਸਮਝਾਇਆ ਬਾਪੂ ਨੂੰ
ਜਾਂਦੇ-ਜਾਂਦੇ ਉਸਨੇ ਪਾਠ
ਪੜ੍ਹਾਇਆ ਬਾਪੂ ਨੂੰ।

ਪੰਡਤ ਕਾਂਸ਼ੀ ਰਾਮ ਦੂਸਰਾ
ਨਾਂ ਕੁਰਬਾਨੀ ਦਾ
ਭਾਰਤ ਮਾਂ ਦੇ ਪੁੱਤਰ
ਸੱਚੇ ਹਿੰਦੁਸਤਾਨੀ ਦਾ।



## ਕਰਜ਼ਾ ਕਦੇ ਨਹੀਂ ਭੁੱਲੀਦਾ

ਕਰਜ਼ਾ ਸ਼ਹੀਦਾਂ ਦਾ
ਕਦੇ ਨਹੀਂ ਭੁੱਲੀਦਾ
ਆ ਜੋ ਕਰੀਏ ਯਾਦ
ਕਾਂਸ਼ੀ ਰਾਮ ਮੜੌਲੀ ਦਾ।

ਗਦਰ ਵਾਲੀ ਲਹਿਰ ਦਾ
ਖਜ਼ਾਨਚੀ ਸੀ ਉਹ
ਨੀਤੀਆਂ ਦਾ ਘਾੜਾ
ਤੇ ਨਿਸ਼ਾਨਚੀ ਸੀ ਉਹ।

ਕੋਲ ਹੈ ਮੋਰਿੰਡੇ
ਪਿੰਡ ਕਾਂਸ਼ੀ ਰਾਮ ਦਾ
ਕੋਈ-ਕੋਈ ਬੰਦਾ
ਇੰਨੀ ਗੱਲ ਜਾਣਦਾ।

ਹੱਸਦਾ-ਹੱਸਦਾ ਫਾਂਸੀ ਉੱਤੇ
ਚੜ੍ਹ ਗਿਆ ਸੀ ਉਹ
ਸ਼ੇਰਾਂ ਵਾਂਗੂੰ ਅੜ ਕੇ ਹੀ
ਖੜ੍ਹ ਗਿਆ ਸੀ ਉਹ।

ਬਾਪੂ ਜੀ ਦੀ ਗੱਲ ਵੀ
ਪਰ੍ਹਾਂ ਕਰ ਤੀ
ਮਾਫੀ ਲਈ ਆਖਿਆ ਤਾਂ
ਨਾਂਹ ਕਰ ਤੀ।

ਪੈਸੇ ਫੂਕਣ ਜਾਂਦੇ ਯਾਰੋ
ਰੋਜ਼ ਕਸੌਲੀ ਨੂੰ
ਮੋੜੋ ਕਦੇ ਮੁਹਾਰਾਂ
ਚੱਲੋ ਪਿੰਡ ਮੜੌਲੀ ਨੂੰ

ਕਦੇ ਨਾ ਭੁਲਿਓ ਯਾਰੋ
ਰੁਲੀਆ ਸਿੰਘ ਸਰਾਭੇ ਦਾ
ਭੁੱਲਣਾਂ ਨਹੀਂ ਅਹਿਸਾਨ
ਵੱਡੇ ਗਦਰੀ ਬਾਬੇ ਦਾ।
ਰੁਲੀਆ ਸਿੰਘ ਦਾ ਚੇਲਾ ਸੀ
ਕਰਤਾਰ ਸਰਾਭੇ ਦਾ
ਸਾਰੀ ਉਮਰਾਂ ਜੇਹਲ 'ਚ
ਕੱਟਣ ਵਾਲੇ ਬਾਬੇ ਦਾ।

ਜਿਸ ਨੂੰ ਗੋਰੇ ਜੱਜਾਂ
ਉਮਰ ਦੀ ਕੈਦ ਸੁਯਾਈ ਸੁਣਾਈ ਸੀ
ਸਾਰੀ ਉਮਰਾਂ ਕਾਲੇ ਪਾਣੀ
ਵਿੱਚ ਹੰਡਾਈ ਸੀ।

ਚੇਲਾ ਕਰੀਏ ਯਾਦ ਗੁਰੂ ਨੂੰ
ਕਦੇ ਨਹੀਂ ਭੁੱਲੀਦਾ
ਨਾਲੇ ਰੱਖੋ ਯਾਦ
ਕਾਂਸ਼ੀ ਰਾਮ ਮੜੌਲੀ ਦਾ।

*****